# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

**ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।**

---

ਵੱਲ

1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
2. ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ
3. ਸਮੂਹ ਸਕੂਲ ਮੁੱਖੀ, (ਵੈੱਬ-ਸਾਈਟ ਰਾਹੀਂ)।

ਮੀਮੋ ਨੰ:ਸਸਅ/ਐਮਸੀ/2010/53042-53080
ਮਿਤੀ,ਚੰਡੀਗੜ੍ਹ 17-08-2010

ਹਵਾਲਾ :- ਐਸ.ਐਸ.ਏ./ਐਮ.ਸੀ./2009/48902-48941, ਮਿਤੀ ਚੰਡੀਗੜ੍ਹ 29 ਜੂਨ, 2009।

**ਵਿਸ਼ਾ :- ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਛੇਵੀਂ ਅਤੇ ਦਸਵੀਂ ਜਮਾਤਾਂ ਦੇ ਵਿਦਿਆਰਥੀਆਂ ਦਾ ਟੈਸਟ ਲੈਣ ਬਾਰੇ।**

1.0 ਉਪਰੋਕਤ ਹਵਾਲਾ ਅਧੀਨ ਵਿਸ਼ੇ ਦੇ ਸਬੰਧ ਵਿੱਚ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਜਿਵੇਂ ਕਿ ਆਪ ਜੀ ਨੂੰ ਪਤਾ ਹੀ ਹੈ ਕਿ ਸਿੱਖਿਆ ਦੇ ਮਿਆਰ ਨੂੰ ਉਪਰ ਚੁੱਕਣ ਲਈ ਸਕੂਲ ਸਿੱਖਿਆ ਵਿਭਾਗ, ਪੰਜਾਬ ਦੇ ਲਏ ਗਏ ਫੈਸਲੇ ਅਨੁਸਾਰ ਛੇਵੀਂ ਤੋਂ ਦਸਵੀਂ ਤੱਕ ਦੇ ਵਿਦਿਆਰਥੀਆਂ ਦੇ ਅੰਗਰੇਜ਼ੀ, ਸਮਾਜਿਕ ਸਿੱਖਿਆ, ਗਣਿਤ, ਵਿਗਿਆਨ, ਹਿੰਦੀ ਅਤੇ ਪੰਜਾਬੀ ਦੇ ਮਹੀਨਾਵਾਰ ਟੈਸਟ ਲਏ ਜਾ ਰਹੇ ਹਨ। ਪ੍ਰੰਤੂ ਸਮੇਂ-ਸਮੇਂ ਸਿਰ ਹੋਈਆਂ ਮੀਟਿੰਗਾਂ ਦੌਰਾਨ ਮਹੀਨਾਵਾਰ ਟੈਸਟਾਂ ਦੇ ਸਬੰਧ ਵਿੱਚ ਇਸ ਦਫ਼ਤਰ ਨੂੰ ਕੁੱਝ ਸੁਝਾਅ ਪ੍ਰਾਪਤ ਹੋਏ ਹਨ। ਇਨ੍ਹਾਂ ਸੁਝਾਵਾਂ ਨੂੰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਨਾਲ ਮਿਤੀ 12-08-2010 ਨੂੰ ਹੋਈ ਮਹੀਨਾਵਾਰ ਮੀਟਿੰਗ ਵਿੱਚ ਚੰਗੀ ਤਰ੍ਹਾਂ ਵਿਚਾਰਿਆ ਗਿਆ ਹੈ ਅਤੇ ਵਿਚਾਰਣ ਉਪਰੰਤ ਹੇਠ ਲਿਖੇ ਫੈਸਲੇ ਲਏ ਗਏ ਹਨ :-

1. ਸਾਰੀਆਂ ਜਮਾਤਾਂ ਲਈ ਲਏ ਜਾਣ ਵਾਲੇ ਟੈਸਟਾਂ ਦੀਆਂ ਮਿਤੀਆਂ ਜਮਾਤ ਵਾਈਜ਼ ਅਤੇ ਵਿਸ਼ਾ ਵਾਈਜ਼ ਇੱਕ ਮਹੀਨਾ ਅਗਾਂਊ ਵੈੱਬ-ਸਾਈਟ ਤੇ ਪਾ ਦਿੱਤੀਆਂ ਜਾਇਆ ਕਰਨਗੀਆਂ ਅਤੇ ਉਸ ਮੁਤਾਬਿਕ ਜਮਾਤਾਂ ਦਾ ਮਹੀਨਾਵਾਰ ਟੈਸਟ ਲੈਣਾ ਜ਼ਰੂਰੀ ਹੋਵੇਗਾ।
2. ਹਰ ਸਬੰਧਤ ਅਧਿਆਪਕ ਇਨ੍ਹਾਂ ਮਹੀਨਾਵਾਰ ਟੈਸਟਾਂ ਦਾ ਸਮੁੱਚਾ ਰਿਕਾਰਡ ਪੂਰੇ ਸਾਲ ਲਈ ਸੁਰੱਖਿਅਤ ਰੱਖੇਗਾ ਅਤੇ ਬੱਚਿਆਂ ਵੱਲੋਂ ਪ੍ਰਾਪਤ ਕੀਤੇ ਗਏ ਅੰਕਾਂ ਦਾ ਪੂਰਾ ਵੇਰਵਾ

ਮੁੱਖ ਦਫ਼ਤਰ ਵੱਲੋ ਬਣਾਏ ਗਏ ਸਾਫ਼ਟਵੇਅਰ ਵਿੱਚ ਇਸ ਦੇ ਡਾਟੇ ਦੀ ਐਂਟਰੀ ਸਬੰਧਤ ਕੰਪਿਊਟਰ ਟੀਚਰ ਦੀ ਸਹਾਇਤਾ ਨਾਲ ਦਰਜ ਕਰਨੀ ਜ਼ਰੂਰੀ ਹੋਵੇਗੀ ਤਾਂ ਜੋ ਮੁੱਖ ਦਫ਼ਤਰ ਵੱਲੋਂ ਲੋੜੀਂਦੀਆਂ ਰਿਪੋਰਟਾਂ ਆਪਣੇ ਆਪ ਹੀ ਜਨਰੇਟ ਕਰ ਲਈਆਂ ਜਾਣ। ਇਸ ਰਿਕਾਰਡ ਨੂੰ ਸੁਰੱਖਿਅਤ ਰੱਖਣ ਲਈ ਛੇਤੀ ਹੀ ਮੁੱਖ ਦਫ਼ਤਰ ਤੋਂ ਮਹੀਨਾਵਾਰ ਰਜਿਸਟਰ ਉਪਲਬੱਧ ਕਰਵਾਏ ਜਾ ਰਹੀ ਹਨ ਅਤੇ ਮਹੀਨਾਵਾਰ ਟੈਸਟਾਂ ਦਾ ਰਿਕਾਰਡ ਸਕੂਲ ਵਿੱਚ ਰਹੇਗਾ ਅਤੇ ਕਿਸੇ ਵੀ ਸੂਰਤ ਵਿੱਚ ਇਸ ਦੇ ਬਾਰੇ ਇਸ ਦੀ ਲਿਖਤੀ ਰਿਪੋਰਟ ਕਿਸੇ ਵੀ ਬੀ.ਪੀ.ਓ./ਡੀ.ਈ.ਓ./ਹੈੱਡ-ਆਫ਼ਿਸ ਨੂੰ ਅੱਗੇ ਭੇਜਣ ਦੀ ਕੋਈ ਲੋੜ ਨਹੀਂ ਹੈ।

3. ਜ਼ਿਲ੍ਹਾ ਸਿੱਖਿਆ ਅਫ਼ਸਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਬਿਨਾਂ ਵਜ੍ਹਾ ਸਕੂਲਾਂ ਤੋਂ ਇਸ ਸਬੰਧ ਵਿੱਚ ਕੋਈ ਡਾਕ ਨਾ ਇੱਕਠੀ ਕੀਤੀ ਜਾਵੇ।

4. ਇਨ੍ਹਾਂ ਮਹੀਨਾਵਾਰ ਟੈਸਟਾਂ ਵਿੱਚ ਪੂਰੀ ਤਰ੍ਹਾਂ ਨਕਲ ਨੂੰ ਰੋਕਣ ਦੀ ਜ਼ਿੰਮੇਵਾਰੀ ਸਬੰਧਤ ਸਕੂਲ ਮੁੱਖੀ ਅਤੇ ਵਿਸ਼ਾ ਅਧਿਆਪਕ ਦੀ ਹੋਵੇਗੀ। ਜੇਕਰ ਇਹ ਪਾਇਆ ਜਾਂਦਾ ਹੈ ਕਿ ਵਿਸ਼ਾ ਅਧਿਆਪਕ ਵੱਲੋਂ ਇਸ ਸਬੰਧ ਵਿੱਚ ਕੋਈ ਵਿਸ਼ੇਸ਼ ਤਰ੍ਹਾਂ ਵਿਦਿਆਰਥੀਆਂ ਦੀ ਮਦਦ ਕੀਤੀ ਜਾ ਰਹੀ ਹੈ ਤਾਂ ਇਸ ਦੀ ਸਾਰੀ ਜ਼ਿੰਮੇਵਾਰੀ ਸਬੰਧਤ ਸਕੂਲ ਮੁੱਖੀ ਦੀ ਹੋਵੇਗੀ।

5. ਵਿਸ਼ਾ ਅਧਿਆਪਕਾਂ ਦੁਆਰਾ ਬਕਾਇਦਾ ਪੇਪਰ ਚੈੱਕ ਕਰਨ ਤੋਂ ਬਾਅਦ ਵਿਦਿਆਰਥੀਆਂ ਨੂੰ ਦਿਖਾਏ ਜਾਣਾ ਲਾਜ਼ਮੀ ਹੋਵੇਗਾ ਤਾਂ ਜੋ ਵਿਦਿਆਰਥੀ ਆਪਣੀਆਂ ਗਲਤੀਆਂ ਨੂੰ ਵੇਖ ਸਕਣ ਅਤੇ ਭਵਿੱਖ ਵਿੱਚ ਉਸ ਦਾ ਸੁਧਾਰ ਕਰ ਸਕਣ।

6. ਵਿਦਿਆਰਥੀਆਂ ਨੂੰ ਪੇਪਰ ਚੈੱਕ ਕਰਨ ਉਪਰੰਤ ਸਿਰਫ਼ ਪ੍ਰਾਪਤ ਅੰਕ ਦੱਸਣਾ ਅਤੇ ਚੈੱਕ ਹੋਇਆ ਪੇਪਰ ਨਾ ਵਿਖਾਇਆ ਜਾਣਾ, ਵਿਸ਼ਾ ਅਧਿਆਪਕਾਂ ਦੀ ਕੁਤਾਹੀ ਮੰਨੀ ਜਾਵੇਗੀ।

7. ਮਹੀਨਾਵਾਰ ਟੈਸਟਾਂ ਵਿੱਚ ਗੈਰ-ਹਾਜ਼ਰ ਹੋਣ ਵਾਲੇ ਵਿਦਿਆਰਥੀਆਂ ਦਾ ਦੁਬਾਰਾ ਟੈਸਟ ਲੈਣਾ ਲਾਜ਼ਮੀ ਹੋਵੇਗਾ।ਇਸ ਸਬੰਧ ਵਿੱਚ ਵਿਸ਼ਾ ਅਧਿਆਪਕ ਨੂੰ ਵਿਦਿਆਰਥੀ ਦੇ ਮੁੜ ਸਕੂਲ ਹਾਜ਼ਰ ਹੋਣ ਤੇ ਉਸ ਦਾ ਟੈਸਟ ਜਮਾਤ ਵਿੱਚ ਹੀ ਲੈਣ ਦੀ ਹਦਾਇਤ ਕੀਤੀ ਜਾਂਦੀ ਹੈ।

8. ਪੇਪਰ ਵਾਲੇ ਦਿਨ ਬਕਾਇਦਾ ਹੈੱਡ-ਆਫ਼ਿਸ ਤੋਂ ਵੈੱਬ-ਸਾਈਟ ਰਾਹੀਂ ਪੇਪਰ ਸ਼ੁਰੂ ਹੋਣ ਤੋਂ ਪਹਿਲਾਂ ਪ੍ਰਸ਼ਨ ਪੱਤਰ ਅਪਲੋਡ ਕੀਤੇ ਜਾਂਦੇ ਹਨ। ਕਿਸੇ ਵੀ ਸੂਰਤ ਵਿੱਚ ਜੇਕਰ

ਵੈੱਬ-ਸਾਈਟ ਤੇ ਜ਼ਿਆਦਾ ਲੋਡ ਹੋਣ ਕਾਰਨ, ਨਾ ਚੱਲੇ ਤਾਂ ਸਬੰਧਤ ਡੀ.ਐਸ.ਐਸ. ਦੁਆਰਾ ਆਪਣੇ ਜ਼ਿਲ੍ਹੇ ਦੇ ਸਬੰਧਤ ਸਕੂਲਾਂ ਨੂੰ ਈ-ਮੇਲ ਰਾਹੀਂ ਭੇਜਿਆ ਜਾਵੇਗਾ। ਸਕੂਲ ਮੁੱਖੀ ਆਪਣੀ ਸੁਵਿਧਾ ਅਨੁਸਾਰ ਵੈੱਬ-ਸਾਈਟ ਜਾਂ ਈ-ਮੇਲ ਰਾਹੀਂ ਡਾਊਨਲੋਡ ਕਰਨ।

3.0 ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ,ਚੰਡੀਗੜ੍ਹ**

ਪਿ:ਅੰ:ਨੰ:ਐਸ.ਐਸ.ਏ./ਐਮਸੀ/2010/53081-53084 ਮਿਤੀ:ਚੰਡੀਗੜ੍ਹ :17-08-2010

ਉਤਾਰਾ :-

1. ਮੰਡਲ ਸਿੱਖਿਆ ਅਫ਼ਸਰ, ਨਾਭਾ/ਜਲੰਧਰ/ਫਰੀਦਕੋਟ
2. ਡੀ.ਪੀ.ਆਈ.(ਸੈ.ਸਿ.), ਪੰਜਾਬ, ਚੰਡੀਗੜ੍ਹ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ,ਚੰਡੀਗੜ੍ਹ**